PAGE NO.
DATE

# Long Questions

## ਸੱਭਿਆਚਾਰ ਦੀ ਪਰਿਭਾਸ਼ਾ ਤੇ ਲੱਛਣ

ਸੱਭਿਆਚਾਰ ਆਪਣੇ ਸ਼ਾਬਦਿਕ ਪੱਖ ਤੋਂ ਜਿੰਨਾ ਸਰਲ ਅਤੇ ਇਕ ਲਗਦਾ ਹੈ, ਸੰਕਲਪਾਤਮਿਕ ਪੱਖ ਤੋਂ ਉਹਨਾਂ ਹੀ ਸੰਸ਼ਲਿਸ਼ਟ, ਜਟਿਲ, ਗਹਿ ਅਤੇ ਵਿਸ਼ਾਲ ਅਰਥ ਖੇਤਰ ਵਾਲਾ ਹੈ। ਮਨੁੱਖ ਦੀ ਸਮਾਜਿਕ ਹੋ ਕਾਰਨ ਸੱਭਿਆਚਾਰ ਉਸ ਦੀ ਇਕ ਅਜਿਹੀ ਵਿਲੱਖਣ ਪ੍ਰਾਪਤੀ ਵਜੋਂ ਜਾਣਿਆ ਜਾਂਦਾ ਹੈ, ਜਿਹੜੀ ਨਾ ਕੇਵਲ ਉਸ ਨੂੰ ਪ੍ਰਕਿਰਤੀ ਦੇ ਬਾਕੀ ਜੀਵ - ਜੰਤੂਆਂ ਤੋਂ ਹੀ ਅਲੱਗ ਕਰਦੀ ਹੈ, ਸਗੋਂ ਵਿਭਿੰਨ ਮਨੁੱਖੀ, ਮਨੁੱਖੀ ਸਮੂਹਾਂ ਤੇ ਉਪ ਸਮੂਹਾਂ ਵਿਚਕਾਰ 'ਸਾਂਝ' ਅਤੇ 'ਵਖਰੇਵੇਂ' ਦੇ ਲੱਛਣ ਵੀ ਨਿਰਧਾਰਿਤ ਕਰਦੀ ਹੈ। ਸੱਭਿਆਚਾਰ ਮਨੁੱਖੀ ਜੀਵਨ ਜਿੰ ਹੀ ਵਿਸ਼ਾਲ ਅਤੇ ਅਸੀਮ ਵਰਤਾਰਾ ਹੈ।

ਸੱਭਿਆਚਾਰ ਮਨੁੱਖੀ ਸਮਾਜ ਜਿੰਨਾ ਹੀ ਪੁਰਾਣਾ ਹੈ, ਪਰ ਸੰਕਲਪ ਦੇ ਤੌਰ ਤੇ ਇਹ ਬਹੁਤ ਪੁਰਾਣਾ ਨਹੀਂ ਹੈ। ਪੰਜਾ ਵਿੱਚ ਅਤੇ ਦੂਜੀਆਂ ਭਾਰਤੀ ਭਾਸ਼ਾਵਾਂ ਵਿਚ ਅਧਿਐਨ ਦੇ ਇਕ ਵੱਖਰੇ ਖੇਤਰ ਦੇ ਤੌਰ ਤੇ ਇਹ ਸੰਕਲਪ ਪੱਛਮ ਦੇ ਅਸਰ ਹੇਠ ਆਉਂਦਾ ਹੈ।

**ਪਰਿਭਾਸ਼ਾ:-**

ਐਡਵਰਡ ਬੀ. ਟਾਇਲਰ ਦੇ ਅਨੁਸਾਰ

"ਮਨੁੱਖ ਦੀਆਂ ਵਿਲੱਖਣ ਯੋਗਤਾਵਾਂ ਅਤੇ ਸਮਰੱਥਾਵਾਂ ਦੇ ਅਜਿਹੇ ਜਟਿਲ ਸਮੂੱਹ ਨੂੰ ਸੱਭਿਆਚਾਰ ਮੰਨਿਆ ਹੈ ਜੋ ਉਸ ਨੂੰ ਸਮਾਜ ਦਾ ਮੈਂਬਰ ਹੋਣ ਕਾਰਨ ਪ੍ਰਾਪਤ ਹੁੰ ਹਨ।"

**ਲੱਛਣ :-**

ਸੱਭਿਆਚਾਰ ਸਮਾਜਕ ਵਰਤਾਰੇ ਨੂੰ ਸਪੱਸ਼ਟ ਕਰਨ ਵਾਲਾ ਖੇਤਰ ਹੈ। ਬਾਬਾ ਆਦਮ ਤੋਂ ਲੈ ਕੇ ਅੱਜ ਦਾ ਸਾਰਾ ਪਸਾਰਾ ਮਨੁੱਖ ਦਾ ਸੱਭਿਆਚਾਰਕ ਪਸਾਰਾ ਹੀ ਹੈ। ਸੱਭਿਆਚਾਰ ਸੰਬੰਧੀ ਹੋਈ ਚਰਚਾ ਦੇ ਆਧਾ ਉੱਤੇ ਅਸੀਂ ਸੱਭਿਆਚਾਰ ਦੇ ਹੇਠ ਲਿਖੇ ਲੱਛਣ ਨਿਰਧਾਰਿਤ ਕਰ ਸਕਦੇ ਹਾਂ।

**ਸੱਭਿਆਚਾਰ ਇੱਕ ਜੁੱਟ ਸਿਸਟਮ ਹੈ:-**

ਇਹ ਸਦਾ ਇੱਕ ਜੁੱਟ ਸਿਸਟਮ ਹੁੰਦਾ ਹੈ।

ਤੋਂ ਭਾਵ ਇਹ ਹੈ ਕਿ ਇਸਦੇ ਅੰਗ ਆਪਸ ਵਿਚ ਅਨਿਵਾਰਜ ਤੌਰ ਉੱਤੇ ਅੰਤਰ ਸੰਬੰਧਤ ਹਨ ਤੇ ਇਹ ਸੰਬੰਧ ਸਰਲ ਨਹੀਂ ਜਟਿਲ ਹਨ। ਇਸ ਦਾ ਮਤਲਬ ਇਹ ਹੀ ਹੈ ਕਿ ਸੱਭਿਆਚਾਰ ਦੇ ਇਕ ਅੰਗ ਵਿੱਚ ਆਈ ਤਬਦੀਲੀ ਸਮੁੱਚੇ ਸਿਸਟਮ ਦੀ ਕਿਰਿਆ ਨੂੰ ਪ੍ਰਭਾਵਿਤ ਕਰਦੀ ਹੈ ਤੇ ਤਬਦੀਲੀ ਦੇ ਅਨੁਕੂਲ ਢਲਣ ਲਈ ਇਸਨੂੰ ਮਜ਼ਬੂਰ ਕਰਦੀ ਹੈ। ਜਦੋਂ ਕਿਸੇ ਸਿਸਟਮ ਦੇ ਵੱਖ-ਵੱਖ ਭਾਗ ਇਕ ਦੂਜੇ ਨਾਲ ਸੰਬੰਧ ਰੱਖਦੇ ਹਨ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ ਤਾਂ ਉਹ ਸਿਸਟਮ ਨੂੰ ਸੰਗਠਿਤ ਸਿਸਟਮ ਕਿਹਾ ਹੈ ਪਰ ਜਦੋਂ ਸਿਸਟਮ ਦੇ ਭਾਗ ਇਕ ਦੂਜੇ ਦੀ ਹੋਂਦ ਨੂੰ ਨਿਰਧਾਰਤ ਕਰਦੇ ਹਨ ਤਾਂ ਉਸ ਨੂੰ ਇਕ-ਜੁੱਟ ਸਿਸਟਮ ਕਿਹਾ ਜਾਂਦਾ ਹੈ। ਸੱਭਿਆਚਾਰ ਅਜਿਹਾ ਹੀ ਇਕ ਜੁੱਟ ਸਿਸਟਮ ਹੈ।

ਸੱਭਿਆਚਾਰ ਮਨੁੱਖੀ ਸਮਾਜ ਦਾ ਵਰਤਾਰਾ ਹੈ: ਜ੭

2. —— ਸੱਭਿਆਚਾਰ ਕਿਸੇ ਇਕੱਲੇ ਮਨੁੱਖ ਦੀ ਘਾਲਣਾ ਦਾ ਸਿੱਟਾ ਨਹੀਂ ਹੁੰਦਾ। ਜੇ ਕਿਸੇ ਜੀਵ ਨੂੰ ਜਨਮ ਤੋਂ ਹੀ ਉਸ ਸਮਾਜ ਨਾਲੋਂ ਨਿਖੇੜ ਕੇ ਕਿਤੇ ਇਕੱਲਾ ਛੱਡ ਦਿਉ ਤਾਂ ਜੇ ਉਹ ਜੀਊਂਦਾ ਹੀ ਰਹਿ ਜਾਏ ਤਾਂ ਉਸ ਦਾ ਜਾਨਵਰਾਂ ਨਾਲੋਂ ਫਰਕ ਨਹੀਂ ਹੋਵੇਗਾ। ਇਸ ਤਰ੍ਹਾਂ ਸੱਭਿਆਚਾਰ ਨਿਰਾ ਸਮਾਜਕ ਵਰਤਾਰਾ ਵੀ ਨਹੀਂ। ਸੱਭਿਆਚਾਰ ਨਾ ਸਿਰਫ ਮਨੁੱਖ ਦਾ ਅਤੇ ਨਾ ਸਿਰਫ ਸਮਾਜ ਦਾ ਵਰਤਾਰਾ ਹੈ, ਸਗੋਂ ਮਨੁੱਖੀ ਸਮਾਜ ਦਾ ਜਾਂ ਸਮਾਜਕ ਮਨੁੱਖ ਦਾ ਵਰਤਾਰਾ ਹੈ।

ਸੱਭਿਆਚਾਰ ਸਿੱਖਿਆ ਜਾਂ ਗ੍ਰਹਿਣ ਕੀਤਾ ਜਾਂਦਾ ਹੈ: ਜ੭

—— ਮਨੁੱਖ ਦੀ ਸਿਰਫ ਮੂਲ ਪ੍ਰਵਿਰਤੀਆਂ ਭੁੱਖ, ਪਿਆਸ, ਕਾਮ ਆਦਿ ਲੈ ਕੇ ਹੀ ਜੰਮਦਾ ਹੈ, ਪਰ ਇਹਨਾਂ ਦੀ ਸੰਤੁਸ਼ਟੀ ਦੇ ਸਾਧਨ ਅਤੇ ਤਰੀਕੇ ਉਹ ਸਮਾਜ ਤੋਂ ਹੀ ਸਿੱਖਦਾ ਹੈ। ਕੋਈ ਵੀ ਗਿਆਨ, ਵਿਸ਼ਵਾਸ ਆਦਿ ਮਨੁੱਖ ਨਾਲ ਲੈ ਕੇ ਨਹੀਂ ਆਉਂਦਾ ਸਗੋਂ ਉਸ ਸਮਾਜ ਤੋਂ ਹੀ ਸਿੱਖਦਾ ਹੈ, ਜਿਸਦਾ ਉਹ ਅੰਗ ਹੁੰਦਾ ਹੈ।

ਸੱਭਿਆਚਾਰ ਜੀਵ-ਵਿਗਿਆਨਕ ਵਿਰਸਾ ਨਹੀਂ ਸਗੋਂ ਸਮਾਜਿਕ ਵਿਰਸਾ ਹੈ:

——

ਮਨੁੱਖੀ ਸਮਾਜ ਵਿਚ ਪਲਦੇ ਕੁੱਤੇ, ਬਿੱਲੀਆਂ ਮਨੁੱਖੀ ਵਿਹਾਰ ਅਤੇ ਬੋਲੀ ਨਹੀਂ ਸਿੱਖ ਸਕਦੇ ਕਿਉਂਕਿ ਉਹ ਜੀਵ ਵਿਗਿਆਨਕ ਵਿਰਸੇ ਤੋਂ ਅੱਗੇ ਨਹੀਂ ਜਾ ਸਕਦੇ। ਪਰ ਭੇਡੀਆਂ ਦੀ ਸੰਗਤ ਵਿਚ ਪਲਿਆ ਮਨੁੱਖ ਉਹਨਾਂ ਵਾਂਗ ਹੀ ਹੁਆਂਕੇਗਾ ਅਤੇ ਜੀਵਨ ਬਿਤਾਏਗਾ। ਜਨਮ ਤੋਂ ਹੀ

ਗਏ ਲਿਖਿਆ ਪੰਜਾਬੀ ਸਾਹਿਤ ਦੀ ਘੋਲ ਗਏ ਲੈਣ ਵਾਲਿਆਂ ਸੱਭਿਆਚਾਰ ਨੂੰ ਹੀ ਗ੍ਰਹਿਣ ਕਰੇਗਾ, ਨਾ ਕਿ ਆਪਣੇ ਸਾਹਿਤਾਂ ਦੇ ਸੱਭਿਆਚਾਰ ਨੂੰ।

**ਸੱਭਿਆਚਾਰ ਵਿਰਾਸਤ ਹੋਣ ਦਾ ਲੱਛਣ ਰੱਖਦਾ ਹੈ:-**

5 ਹਰ ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਤੋਂ ਸੱਭਿਆਚਾਰ ਗ੍ਰਹਿਣ ਕਰਦੀ ਹੈ ਅਤੇ ਇਸ ਵਿੱਚ ਆਪਣੇ ਤਜਰਬੇ ਨੂੰ ਮਿਲਾ ਕੇ ਅਗਲੀ ਪੀੜ੍ਹੀ ਨੂੰ ਸਿਖਾ ਦਿੰਦੀ ਹੈ। ਇਸ ਤਰ੍ਹਾਂ ਸੱਭਿਆਚਾਰ ਦੀ ਨਿਰੰਤਰਤਾ ਬਣੀ ਰਹਿੰਦੀ ਹੈ।

ਸੱਭਿਆਚਾਰ ਵਿੱਚ ਕੁਝ ਭੁਲਾਇਆ ਨਹੀਂ ਜਾਂਦਾ। ਹਰ ਨਵੀਂ ਕਾਢ ਦੇ ਪਿੱਛੇ ਪਿਛਲੀਆਂ ਕਾਢਾਂ ਦਾ ਗਿਆਨ ਪੇਸ਼ ਕਰ ਰਿਹਾ ਹੁੰਦਾ ਹੈ। ਹਰ ਨਵਾਂ ਵਿਚਾਰ ਪਿਛਲੇ ਤਜਰਬੇ ਨੂੰ ਨਾਲ ਲੈਂਦਾ ਹੈ। ਮਨੁੱਖ ਨੇ ਆਪਣੇ ਤੋਂ ਪਹਿਲਾਂ ਹੋਏ ਸਾਰੇ ਗਿਆਨ ਨੂੰ ਗ੍ਰਹਿਣ ਕਰਨਾ ਹੁੰਦਾ ਹੈ ਅਤੇ ਇਸ ਗਿਆਨ ਦੇ ਆਧਾਰ ਉੱਤੇ ਆਪਣੇ ਮਾਹੌਲ ਨੂੰ ਪ੍ਰਭਾਵਿਤ ਕਰਨ ਬਾਰੇ ਸੋਚਣਾ ਹੁੰਦਾ ਹੈ।

**ਸੱਭਿਆਚਾਰ ਸਰਬ-ਵਿਆਪਕ ਹੈ:-**

6 ਸੱਭਿਆਚਾਰ ਇੱਕ ਸਰਬ-ਵਿਆਪਕ ਵਰਤਾਰਾ ਹੈ। ਜਿੱਥੇ ਵੀ ਕਿਤੇ ਮਨੁੱਖੀ ਸਮਾਜ ਹੋਵੇਗਾ, ਉੱਥੇ ਸੱਭਿਆਚਾਰ ਵੀ ਹੋਵੇਗਾ। ਪਰ ਕਿਉਂਕਿ ਹਰ ਸਮਾਜ ਨੂੰ ਪੇਸ਼ ਆਉਂਦੀਆਂ ਪ੍ਰਕਿਰਤਕ ਹਾਲਤਾਂ ਇੱਕ ਨਹੀਂ ਹੁੰਦੀਆਂ, ਇਸ ਲਈ ਸੱਭਿਆਚਾਰ ਵੀ ਵੱਖ-ਵੱਖ ਹੀ ਹੁੰਦਾ ਹੈ ਅਤੇ ਇਹੀ ਸੱਭਿਆਚਾਰ ਉਸ ਸਮਾਜ ਦੀ ਪਛਾਣ ਬਣ ਜਾਂਦਾ ਹੈ।

**ਹਰ ਸੱਭਿਆਚਾਰ ਦੀ ਆਪਣੀ ਵਿਲੱਖਣ ਪ੍ਰਣਾਲੀ ਹੁੰਦੀ ਹੈ:-**

7\. ਸੱਭਿਆਚਾਰ ਭਾਵੇਂ ਇੱਕ ਸਰਬ-ਵਿਆਪਕ ਵਰਤਾਰਾ ਹੈ, ਪਰ ਇਸ ਦੇ ਸਰਬ ਵਿਆਪਕ ਅੰਸ਼ ਜਦੋਂ ਕਿਸੇ ਨਿਸ਼ਚਿਤ ਪ੍ਰਣਾਲੀ ਵਿੱਚ ਪ੍ਰਗਟ ਹੁੰਦੇ ਹਨ ਤਾਂ ਉਹਨਾਂ ਵਿੱਚ ਵਿਲੱਖਣਤਾ ਆ ਜਾਂਦੀ ਹੈ। ਰਿਸ਼ਤਾ ਪ੍ਰਣਾਲੀ, ਭੋਜਨ ਪ੍ਰਣਾਲੀ, ਸ਼ਿੰਗਾਰ ਪ੍ਰਣਾਲੀ, ਇਸ ਦੇ ਕੁਝ ਉਦਾਹਰਨ ਹੋ ਸਕਦੇ ਹਨ। ਭੋਜਨ ਕਰਨ ਦਾ ਅਮਲ ਤਾਂ ਸਰਬ ਵਿਆਪਕ ਹੈ ਪਰ ਕੋਈ ਸਮਾਜ, ਭੋਜਨ ਕਿਸ ਵੇਲੇ ਕਿਨ੍ਹਾਂ ਪਦਾਰਥਾਂ ਦੇ ਸੁਮੇਲ ਨਾਲ ਕਿਸ ਤਰ੍ਹਾਂ ਤਿਆਰ ਕਰਕੇ ਅਤੇ ਕਿਸ ਢੰਗ ਨਾਲ ਖਾਂਦਾ ਹੈ, ਇਹ ਉਸ ਦੀ ਵਿਲੱਖਣ ਪ੍ਰਣਾਲੀ ਨਾਲ ਹੀ ਸੰਬੰਧ ਰੱਖਦਾ ਹੈ।

8. ਸੱਭਿਆਚਾਰ ਗ੍ਰਹਿਣ ਕੀਤਾ ਜਾਂਦਾ ਹੈ:

ਇਸ ਨੂੰ ਸਮਾਜਕ ਵਿਰਾਸਤਾਂ ਦੇ ਵਿਭਿੰਨ ਪਹਿਲੂ ਸਿੱਖਣੇ ਪੈਂਦੇ ਹਨ। ਬਾਕੀ ਜੀਵ-ਜੰਤੂਆਂ ਦੇ ਬੱਚੇ ਉਹ ਸਾਰਾ ਵਿਵਹਾਰ ਬਿਨਾਂ ਸਿੱਖੇ ਹੀ ਅਪਨਾ ਲੈਂਦੇ ਹਨ, ਜਿਹੜਾ ਉਹਨਾਂ ਦੇ ਵਡੇਰਿਆਂ ਦਾ ਵਿਵਹਾਰ ਹੁੰਦਾ ਹੈ। ਪਰੰਤੂ, ਮਨੁੱਖੀ ਜੀਵ ਜਨਮ ਵੇਲੇ ਕੋਰੇ ਕਾਗਜ਼ ਦੀ ਤਰ੍ਹਾਂ ਹੁੰਦਾ ਹੈ।

ਜਨਮ ਤੋਂ ਮਰਨ ਤੱਕ ਮਨੁੱਖ ਦੀ ਗ੍ਰਹਿਣ ਕਰਨ ਅਤੇ ਸੰਚਾਰਨ ਦੀ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ। ਮਾਨਵ ਵਿਗਿਆਨੀ ਸਮਾਜ ਵਿਗਿਆਨੀ ਤੇ ਮਨੋਵਿਗਿਆਨੀ ਲਗਭਗ ਸਾਰੇ ਹੀ ਇਸ ਗੱਲ ਨਾਲ ਸਹਿਮਤ ਹਨ ਕਿ ਮਨੁੱਖ ਜੈਵੀ. ਜੈਵੀ ਕਰਕੇ ਉਹ ਸਾਰਾ ਵਿਵਹਾਰ ਸਿੱਖ ਲੈਂਦਾ ਹੈ ਜਿਹੜਾ ਉਸਨੂੰ ਸਮਾਜਿਕ ਜੀਵਨ ਜੀਉਣ ਲਈ ਲੋੜੀਂਦਾ ਹੁੰਦਾ ਹੈ, ਜਨਮ ਤੋਂ ਲੈ ਕੇ ਮਨੁੱਖੀ ਵਿਅਕਤੀਤਵ ਦੇ ਹੋਂਦ ਵਿੱਚ ਆਉਣ ਤੱਕ ਮਨੁੱਖ ਪੰਜ ਵੱਖ-ਵੱਖ ਪੜਾਵਾਂ ਵਿੱਚੋਂ ਲੰਘ ਕੇ ਹੀ ਪੂਰਨ ਸਮਾਜਕ ਪ੍ਰਾਣੀ ਬਣਦਾ ਹੈ।

9. ਸਭਿਆਚਾਰ ਬਦਲਦਾ ਰਹਿੰਦਾ ਹੈ:

ਸੱਭਿਆਚਾਰ ਪਰਿਵਰਤਨ ਉਵੇਂ ਹੀ ਇਕ ਕੁਦਰਤੀ ਅਮਲ ਹੈ ਜਿਵੇਂ ਰੁੱਤਾਂ ਦਾ ਬਦਲਣਾ। ਦਿਨ ਅਤੇ ਰਾਤ ਦਾ ਕ੍ਰਮਵਾਰ ਬਦਲਣਾ, ਮਨੁੱਖ ਦਾ ਪੈਦਾ ਹੋਣਾ, ਵਿਗਸਣਾ ਤੇ ਅੰਤ ਨੂੰ ਬਿਨਸ ਜਾਣਾ। ਪਰ, ਸਭਿਆਚਾਰਕ ਪਰਿਵਰਤਨ ਅਤੇ ਕੁਦਰਤੀ ਪਰਿਵਰਤਨ ਦੇ ਅਮਲ ਵਿੱਚ ਕੁਝ ਅੰਤਰ ਹੁੰਦਾ ਹੈ।

ਜਦੋਂ ਪ੍ਰਾਕ੍ਰਿਤਿਕ ਚੌਗਿਰਦੇ ਵਿਚ ਤਬਦੀਲੀ ਆਉਂਦੀ ਹੈ ਤਾਂ ਮਨੁੱਖ ਆਪਣੇ ਆਪ ਨੂੰ ਉਸਦੇ ਅਨੁਕੂਲ ਢਾਲਣ ਲਈ ਯਤਨ ਕਰਦਾ ਹੈ। ਅਨੁਕੂਲਣਾਂ ਦੇ ਇਸ ਅਮਲ ਦੌਰਾਨ ਮਨੁੱਖੀ ਚੇਤਨਾ ਅਨੇਕਾਂ ਕਾਢਾਂ ਅਤੇ ਲੱਭਤਾਂ ਪ੍ਰਾਪਤ ਕਰ ਲੈਂਦੀ ਹੈ। ਇਹ ਅਮਲ ਨਿਰੰਤਰ ਚੱਲਦਾ ਰਹਿੰਦਾ ਹੈ। ਹਰ ਸਭਿਆਚਾਰ ਵਿਚ ਤਾਜ਼ਗੀ, ਸੱਜਰਾਪਣ ਅਤੇ ਵਿਕਾਸਸ਼ੀਲਤਾ ਦੇ ਅੰਸ਼ ਬਣੇ ਰਹਿੰਦੇ ਹਨ। ਸੱਭਿਆਚਾਰ ਕਿਉਂਕਿ ਪੀੜ੍ਹੀ ਦਰ ਪੀੜ੍ਹੀ ਗ੍ਰਹਿਣ ਕੀਤਾ ਜਾਂਦਾ ਹੈ।